WCB FACTS 2024

# ਸਥਾਈ ਤੌਰ 'ਤੇ ਅੰਸ਼ਕ ਵਿਗਾੜ ਸਬੰਧੀ ਅਵਾਰਡ

**ਸਥਾਈ ਤੌਰ ਤੇ ਅੰਸ਼ਕ ਵਿਗਾੜ ਸਬੰਧੀ ਅਵਾਰਡ (PPI) ਕੀ ਹੈ?**

ਜੇ ਤੁਹਾਨੂੰ ਕਿਸੇ ਕੰਮ ਨਾਲ ਸੰਬੰਧਿਤ ਸੱਟ ਲੱਗਦੀ ਹੈ ਜਾਂ ਬਿਮਾਰੀ ਹੁੰਦੀ ਹੈ ਜਿਸ ਦੇ ਨਤੀਜੇ ਵਜੋਂ ਤੁਹਾਡੇ ਸਰੀਰ ਦੇ ਪ੍ਰਭਾਵਿਤ ਹਿੱਸੇ ਦੇ ਕੰਮ ਕਰਨ ਦੇ ਤਰੀਕੇ ਵਿੱਚ ਇੱਕ ਸਥਾਈ ਅਤੇ ਮਾਪਣਯੋਗ ਤਬਦੀਲੀ (ਵਿਗਾੜ ਕਿਹਾ ਜਾਂਦਾ ਹੈ) ਹੁੰਦੀ ਹੈ, ਤਾਂ ਤੁਸੀਂ ਇੱਕ ਸਥਾਈ ਅੰਸ਼ਕ ਵਿਗਾੜ (PPI) ਅਵਾਰਡ ਦੇ ਹੱਕਦਾਰ ਹੋ ਸਕਦੇ ਹੋ। ਇਹ ਬੈਨਿਫਿਟ WCB ਦੇ ਹੋਰ ਲਾਭਾਂ ਤੋਂ ਵੱਖਰਾ ਹੈ, ਅਤੇ ਉਹਨਾਂ ਤੋਂ ਇਲਾਵਾ ਹੈ।

**ਮੇਰੇ ਦਾਅਵੇ ਦੇ ਕਿਸ ਮੁਕਾਮ ਤੇ WCB ਫੈਸਲਾ ਕਰੇਗਾ ਕਿ ਮੈਨੂੰ PPI ਹੈ?**

ਸਥਾਈ ਵਿਗਾੜ ਦੀ ਰੇਟਿੰਗ ਲਈ ਮੁਲਾਂਕਣ ਉਦੋਂ ਹੋਵੇਗਾ ਜਦੋਂ ਤੁਸੀਂ ਆਪਣੀ WCB ਦੁਆਰਾ ਸਵੀਕਾਰਤ ਸੱਟ ਜਾਂ ਬਿਮਾਰੀ ਤੋਂ ਜਿੰਨਾ ਸੰਭਵ ਹੋ ਸਕੇ ਸਿਹਤਯਾਬ ਹੋ ਜਾਂਦੇ ਹੋ। ਇਸ ਨੂੰ ਸੱਟ ਲੱਗਣ ਜਾਂ ਸੰਬੰਧਿਤ ਸਰਜਰੀ ਤੋਂ ਘੱਟੋ-ਘੱਟ ਇੱਕ ਸਾਲ ਬਾਅਦ ਮੰਨਿਆ ਜਾਂਦਾ ਹੈ।

**WCB ਇਹ ਕਿਵੇਂ ਫੈਸਲਾ ਕਰਦਾ ਹੈ ਕਿ ਕੀ ਮੈਨੂੰ PPI ਹੈ?**

WCB ਹੈਲਥਕੇਅਰ ਤੁਹਾਡੀ ਫਾਈਲ ਤੋਂ ਡਾਕਟਰੀ ਜਾਣਕਾਰੀ ਦੀ ਸਮੀਖਿਆ ਕਰਦਾ ਹੈ ਜੋ ਸੰਭਾਵਿਤ ਵਿਗਾੜ ਨੂੰ ਦਰਸਾਉਂਦੀ ਹੈ (ਜਿਵੇਂ ਕਿ ਸੁਣਨ ਸ਼ਕਤੀ ਦੇ ਨੁਕਸਾਨ ਦੇ ਮਾਮਲੇ ਵਿੱਚ ਇੱਕ ਆਡੀਓਗ੍ਰਾਮ)।

ਬਹੁਤ ਸਾਰੇ ਮਾਮਲਿਆਂ ਵਿੱਚ, ਇਹ ਨਿਰਧਾਰਤ ਕਰਨ ਲਈ ਇੱਕ WCB ਹੈਲਥਕੇਅਰ ਸਲਾਹਕਾਰ ਤੋਂ ਤੁਹਾਡੀ ਜਾਂਚ ਕਰਵਾਉਣੀ ਜ਼ਰੂਰੀ ਹੁੰਦੀ ਹੈ ਕਿ ਕੀ ਤੁਹਾਡੀ ਸੱਟ ਕਾਰਨ ਕਿਸੇ ਕਾਰਜ ਦਾ ਨੁਕਸਾਨ ਹੋਇਆ ਹੈ ਅਤੇ, ਜੇਕਰ ਅਜਿਹਾ ਹੈ, ਤਾਂ ਕਿਸ ਹੱਦ ਤੱਕ। ਮੁਆਇਨੇ ਅਤੇ ਹੋਰ ਸਬੂਤਾਂ ਨੂੰ ਇਹ ਨਿਰਧਾਰਤ ਕਰਨ ਲਈ ਵਰਤਿਆ ਜਾਵੇਗਾ ਕਿ ਕੀ ਤੁਹਾਨੂੰ ਸਾਡੀ ਵਿਗਾੜ ਨੀਤੀ (Impairment Policy) ਵਿੱਚ ਦਰਸਾਏ ਅਨੁਸਾਰ ਸਥਾਈ ਅੰਸ਼ਕ ਵਿਗਾੜ ਹੈ ਅਤੇ ਫਿਰ PPI ਰੇਟਿੰਗ ਦੇ ਸੰਬੰਧ ਵਿੱਚ ਤੁਹਾਡੇ ਕੇਸ ਮੈਨੇਜਰ ਨੂੰ ਸਿਫ਼ਾਰਿਸ਼ਾਂ ਕਰੇਗਾ।

**ਇੱਕ ਵਾਰੀ ਜਦੋਂ ਇਹ ਤੈਅ ਹੋ ਜਾਂਦਾ ਹੈ ਕਿ ਮੈਨੂੰ PPI ਹੈ, ਤਾਂ ਅੱਗੇ ਕੀ ਵਾਪਰਦਾ ਹੈ?**

ਵਿਗਾੜ ਦਰਜਾਬੰਦੀ WCB ਵਿਗਾੜ ਦਰਜਾਬੰਦੀ ਅਨੁਸੂਚੀ ਦੇ ਆਧਾਰ 'ਤੇ, ਪੂਰੇ ਸਰੀਰ ਦੇ ਪ੍ਰਤਿਸ਼ਤ ਦੇ ਤੌਰ 'ਤੇ ਸਥਾਪਿਤ ਕੀਤੀ ਜਾਂਦੀ ਹੈ ਅਤੇ ਹੇਠਾਂ ਦਿੱਤੇ ਕਾਰਕਾਂ (ਜਾਂ ਤਾਂ ਵੱਖਰੇ ਤੌਰ 'ਤੇ ਜਾਂ ਸੁਮੇਲ ਵਿੱਚ) 'ਤੇ ਆਧਾਰਤ ਹੁੰਦੀ ਹੈ:

- ਸਰੀਰ ਦੇ ਹਿੱਸੇ ਦਾ ਨਾ ਰਹਿਣਾ
- ਜੋੜਾਂ ਵਿੱਚ ਗਤੀਸ਼ੀਲਤਾ ਦਾ ਨਾ ਰਹਿਣਾ
- ਅੰਗ ਦੇ ਕੰਮਕਾਜ ਦਾ ਨਾ ਹੋਣਾ, ਜਾਂ
- ਸਰੀਰ ਦੀ ਸੁੰਦਰਤਾ ਸਬੰਧੀ ਵਿਰੂਪਤਾ।

ਉਦਾਹਰਨ ਲਈ, ਇੱਕ ਵੱਡੀ ਉਂਗਲ ਦੇ ਹਿੱਸੇ ਦਾ ਨੁਕਸਾਨ ਇੱਕ ਕਮਜ਼ੋਰੀ ਨੂੰ ਦਰਸਾਉਂਦਾ ਹੈ, ਜਿਸ ਲਈ WCB ਸਥਾਈ ਅੰਸ਼ਕ ਕਮਜ਼ੋਰੀ ਰੇਟਿੰਗ ਅਨੁਸੂਚੀ 1.0% ਅਤੇ 7.0% ਦੇ ਵਿਚਕਾਰ ਇੱਕ ਕਮਜ਼ੋਰੀ ਰੇਟਿੰਗ ਪ੍ਰਦਾਨ ਕਰਦੀ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿੰਨੀ ਉਂਗਲ ਕੱਟੀ ਗਈ ਸੀ।

ਇੱਕ ਵਾਰੀ ਜਦੋਂ ਤੁਹਾਡੀ PPI ਰੇਟਿੰਗ ਨੂੰ ਨਿਰਧਾਰਤ ਕੀਤਾ ਜਾਂਦਾ ਹੈ, WCB ਕਾਨੂੰਨੀ ਰਕਮ ਅਤੇ ਤੁਹਾਡੇ ਦਾਅਵੇ ਦੇ ਸਾਲ ਦੇ ਅਧਾਰ 'ਤੇ ਰੇਟਿੰਗ ਲਈ ਡਾਲਰ ਮੁੱਲ ਨਿਯਤ ਕਰੇਗਾ।

ਉਦਾਹਰਨ ਲਈ, ਜੇਕਰ ਤੁਹਾਡੀ ਸੱਟ 2022 ਵਿੱਚ ਲੱਗੀ ਹੈ, ਤਾਂ PPI ਅਵਾਰਡ ਦੀ ਰਕਮ 30% ਤੱਕ ਹਰੇਕ ਪੂਰੀ ਪ੍ਰਤਿਸ਼ਤਤਾ ਲਈ $1,560 ਅਤੇ 30% ਤੋਂ ਵੱਧ ਹਰੇਕ ਪੂਰੀ ਪ੍ਰਤਿਸ਼ਤਤਾ ਲਈ $1,880 ਹੋਵੇਗੀ।

ਜੇ ਤੁਹਾਡੀ ਪਹਿਲਾਂ ਤੋਂ ਮੌਜੂਦ ਸਮੱਸਿਆ ਸੀ, ਤਾਂ ਤੁਸੀਂ ਅਜੇ ਵੀ ਵਿਗਾੜ ਸੰਬੰਧੀ ਅਵਾਰਡ ਲਈ ਯੋਗਤਾ ਪੂਰੀ ਕਰਦੇ ਹੋ; ਪਰ ਪਹਿਲਾਂ ਤੋਂ ਮੌਜੂਦ ਸਮੱਸਿਆ ਦੇ ਤੁਹਾਡੇ ਕੰਮ ਸੰਬੰਧੀ ਵਿਗਾੜ 'ਤੇ ਪਏ ਅਸਰ ਦੇ ਆਧਾਰ 'ਤੇ ਇਸ ਨੂੰ ਘਟਾਇਆ ਜਾ ਸਕਦਾ ਹੈ।

**ਕੀ ਅਵਾਰਡ ਵਿੱਚ ਦਰਦ ਅਤੇ ਦੁਖ-ਤਕਲੀਫ ਲਈ ਪੈਸਾ ਸ਼ਾਮਲ ਹੈ?**
*ਨਹੀਂ। ਵਰਕਰਜ਼ ਕੰਪਨਸੇਸ਼ਨ ਐਕਟ (TheWorkers Compensation Act)* ਦਰਦ ਜਾਂ ਦੁੱਖ-ਤਕਲੀਫ ਲਈ ਵਿਗਾੜ ਸੰਬੰਧੀ ਰੇਟਿੰਗ ਮੁਹੱਈਆ ਨਹੀਂ ਕਰਦਾ।

**ਕੀ ਮੈਨੂੰ ਉਸੇ ਵਿਗਾੜ ਲਈ WCB ਤੋਂ ਇਲਾਵਾ ਕਿਸੇ ਹੋਰ ਪ੍ਰੋਗਰਾਮ ਤੋਂ ਬੈਨਿਫਟ WCB ਤੋਂ ਮੇਰੇ PPI ਅਵਾਰਡ ਨੂੰ ਪ੍ਰਭਾਵਿਤ ਕਰਨਗੇ?**
ਨਹੀਂ। ਤੁਸੀਂ ਉਸੇ ਸਥਾਈ ਅੰਸ਼ਕ ਵਿਗਾੜ ਲਈ ਹੋਰਨਾਂ ਬੀਮਾ ਪ੍ਰੋਗਰਾਮਾਂ ਤੋਂ ਭੁਗਤਾਨ ਲੈਣ ਦੇ ਹੱਕਦਾਰ ਹੁੰਦੇ ਹੋ। ਅਸੀਂ ਤੁਹਾਡੇ ਬੈਨਿਫਿਟਾਂ ਜਾਂ ਅਵਾਰਡ ਤੋਂ ਅਜਿਹੀਆਂ ਰਕਮਾਂ ਦੀ ਕਟੌਤੀ ਨਹੀਂ ਕਰਾਂਗੇ।

**ਜੇ ਮੈਂ ਆਪਣੇ ਵਿਗਾੜ ਦੀ ਦਰਜਾਬੰਦੀ ਨਾਲ ਸਹਿਮਤ ਨਹੀਂ ਹੁੰਦਾ/ਹੁੰਦੀ ਤਾਂ ਕੀ ਹੁੰਦਾ ਹੈ?**
ਜੇ ਤੁਸੀਂ WCB ਦੁਆਰਾ ਤੈਅ ਕੀਤੀ ਵਿਗਾੜ ਲਈ ਦਰਜਾਬੰਦੀ ਨਾਲ ਸਹਿਮਤ ਨਹੀਂ ਹੁੰਦੇ, ਤਾਂ ਤੁਸੀਂ ਇਸ ਫੈਸਲੇ ਬਾਰੇ ਅਪੀਲ ਕਰ ਸਕਦੇ ਹੋ। ਲਿਖਤੀ ਤੌਰ ਤੇ ਸਾਨੂੰ ਸਹੀ-ਸਹੀ ਇਹ ਸਪੱਸ਼ਟ ਕਰੋ ਕਿ ਤੁਸੀਂ ਕੀ ਮਹਿਸੂਸ ਕਰਦੇ ਹੋ ਕਿ ਗਲਤੀ ਕਿੱਥੇ ਕੀਤੀ ਗਈ ਸੀ ਅਤੇ ਕਿਹੜੇ ਆਧਾਰਾਂ ਨੂੰ ਤੁਸੀਂ ਆਪਣੀ ਅਪੀਲ ਨੂੰ ਆਧਾਰ ਬਣਾ ਰਹੇ ਹੋ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਰਿਵਿਉ ਆਫਿਸ ਦੇ ਅਕਸਰ ਪੁੱਛੇ ਜਾਂਦੇ ਸਵਾਲ (Review Office FAQ) ਦੇਖੋ।

**ਜੇਕਰ ਮੇਰੀ ਹਾਲਤ ਵਿਗੜ ਜਾਵੇ ਤਾਂ ਕੀ ਹੋਵੇਗਾ?**

ਜੇਕਰ ਤੁਹਾਡੀ ਕਮਜ਼ੋਰੀ ਦਰਜਾਬੰਦੀ ਨਿਰਧਾਰਤ ਹੋਣ ਤੋਂ ਬਾਅਦ ਤੁਹਾਡੀ ਹਾਲਤ ਵਿਗੜ ਜਾਂਦੀ ਹੈ, ਤਾਂ ਤੁਸੀਂ ਆਪਣੀ ਕਮਜ਼ੋਰੀ ਦੀ ਹੱਦ ਦੀ ਸਮੀਖਿਆ ਕਰਨ ਲਈ ਕਹਿ ਸਕਦੇ ਹੋ। ਪਿਛਲੇ ਮੁਲਾਂਕਣ ਤੋਂ ਦੋ ਸਾਲਾਂ ਤੋਂ ਪਹਿਲਾਂ ਸਮੀਖਿਆ ਨਹੀਂ ਕੀਤੀ ਜਾਵੇਗੀ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ WCB* ਦੀਆਂ ਨੀਤੀਆਂ *ਦੇਖੋ।* ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।